# ਦਫਤਰ ਜਿਲ੍ਹਾ ਮੈਜਿਸਟਰੇਟ ਸੰਗਰੂਰ

(ਫੁਟਕਲ ਸ਼ਾਖਾ)

ਮਿਤੀ 22/03/2020

ਨੰਬਰ 48/ਐਮ.ਏ

## ਅੰਸ਼ਿਕ ਸੋਧ ਹੁਕਮ

ਇਸ ਦਫਤਰ ਵੱਲੋ ਜਾਰੀ ਕੀਤੇ ਦਫਤਰੀ ਹੁਕਮ ਨੰਬਰ 49/ਐਮ.ਏ ਮਿਤੀ 21/03/2020 ਰਾਂਹੀ ਹੁਕਮ ਜਾਰੀ ਕੀਤੀ ਗਿਆ ਸੀ ਜਿਸ ਵਿੱਚ ਅੰਸ਼ਿਕ ਸੋਧ ਕਰਦੇ ਹੋਏ ਹੁਕਮ ਕੀਤਾ ਜਾਂਦਾ ਹੈ ਕਿ ਕੋਵਿਡ-19 (ਕਰੋਨਾ ਵਾਇਰਸ) ਦੀ ਬਿਮਾਰੀ ਵਿਸ਼ਵ ਭਰ ਵਿੱਚ ਫੈਲੀ ਹੋਈ ਹੈ ਜਿਸ ਨੂੰ ਮੁੱਖ ਰੱਖਦੇ ਹੋਏ ਪੰਜਾਬ ਸਰਕਾਰ ਵੱਲੋਂ ਜਾਰੀ ਨੋਟੀਫਿਕੇਸ਼ਨ ਨੰ:14/7/2020-4/677 ਮਿਤੀ 05.03.2020 ਰਾਹੀਂ ਕਰੋਨਾ ਵਾਇਰਸ ਨੂੰ ਮਹਾਂਮਾਰੀ ਘੋਸ਼ਿਤ ਕਰ ਦਿੱਤਾ ਗਿਆ ਹੈ ਅਤੇ ਪੰਜਾਬ ਸਰਕਾਰ ਵੱਲੋ ਜਾਰੀ ਮੀਮੋ ਨੰਬਰ CSO/2020/363 ਮਿਤੀ 22/03/2020 ਰਾਂਹੀ ਹੇਠਾਂ ਲਿਖਿਆ ਵਸਤੂਆ ਨੂੰ ਜਰੂਰੀ ਕਰਾਰ ਦਿੱਤਾ ਗਿਆ ਹੈ। ਹੁਣ ਤੱਕ ਪੰਜਾਬ ਵਿੱਚ ਕਰੋਨਾ ਵਾਇਰਸ ਦੇ 13 ਕੇਸ ਪੋਜਟਿਵ ਆ ਚੁੱਕੇ ਹਨ ਪਰੰਤੂ ਜ਼ਿਲ੍ਹਾ ਸੰਗਰੂਰ ਵਿੱਚ ਅਜੇ ਤੱਕ ਕੋਈ ਵੀ ਕੇਸ ਪੋਜੀਟਿਵ ਨਹੀਂ ਆਇਆ ਹੈ । ਇਸ ਮਹਾਂਮਾਰੀ ਦੇ ਫੈਲਾਅ ਨੂੰ ਰੋਕਣ ਸਬੰਧੀ ਕੁਝ ਪਾਬੰਦੀਆਂ ਲਗਾਉਣੀਆਂ ਹੁਣ ਲਾਜ਼ਮੀ ਹੋ ਗਈਆਂ ਹਨ।

ਇਸ ਲਈ ਮੈਂ ਘਨਸ਼ਿਆਮ ਥੋਰੀ, ਆਈ.ਏ.ਐਸ., ਜਿਲ੍ਹਾ ਮੈਜਿਸਟਰੇਟ, ਸੰਗਰੂਰ ਫੌਜਦਾਰੀ ਜਾਬਤਾ ਸੰਘਤਾ 1973 (1974 ਦਾ ਐਕਟ ਨੰ:2) ਦੀ ਧਾਰਾ 144 ਅਧੀਨ ਪ੍ਰਾਪਤ ਹੋਏ ਅਧਿਕਾਰਾਂ ਦੀ ਵਰਤੋਂ ਕਰਦਾ ਹੋਇਆ ਆਮ ਜਨਤਾ ਦੀ ਸੁਰੱਖਿਆ ਲਈ ਮਹਾਂਮਾਰੀ ਦੇ ਪ੍ਰਭਾਵ ਤੋਂ ਬਚਣ ਲਈ ਹੁਕਮ ਜਾਰੀ ਕਰਦਾ ਹਾਂ ਕਿ ਜ਼ਿਲ੍ਹੇ ਸੰਗਰੂਰ ਦੀ ਹਦੂਦ ਅੰਦਰ ਬਾਜ਼ਾਰ, ਦੁਕਾਨਾਂ ਅਤੇ ਕਾਰੋਬਾਰ ਨੂੰ ਬੰਦ ਕੀਤਾ ਜਾਂਦਾ ਹੈ ਇਹਨਾਂ ਹੁਕਮਾਂ ਦੀ ਛੋਟ ਜ਼ਰੂਰੀ ਵਸਤਾਂ ਦੀ ਸਪਲਾਈ ਨੂੰ ਹੋਵੇਗੀ ਜਿਵੇਂ ਕਿ:-

1) ਰਾਸ਼ਨ ਦੀ ਸਪਲਾਈ
2) ਪੀਣ ਵਾਲੇ ਪਦਾਰਥਾਂ ਦੀ ਸਪਲਾਈ
3) ਤਾਜ਼ਾ ਫਲ, ਸਬਜੀਆਂ ਅਤੇ ਆਂਡੇ
4) ਪੀਣ ਵਾਲਾ ਪਾਣੀ।
5) ਪਸ਼ੂਆਂ ਲਈ ਚਾਰਾ/ਪੋਲਟਰੀ ਫੀਡ
6) ਸਾਰੇ ਖਾਣ-ਪੀਣ ਵਾਲੀਆਂ ਵਸਤੂਆਂ ਬਣਾਉਣ ਵਾਲੇ ਕਾਰੋਬਾਰ/ਉਦਯੋਗ
7) ਪੈਟਰੋਲ/ਡੀਜ਼ਲ ਅਤੇ ਸੀ.ਐਨ.ਜੀ. ਪੰਪ, ਰਾਈਸ ਸ਼ੈਲਰ (ਜਿਨ੍ਹਾਂ ਵਿੱਚ ਮਿਲਿੰਗ ਚੱਲ ਰਹੀ ਹੋਵੇ)
8) ਦੁੱਧ ਦੇ ਪਲਾਂਟ
9) ਡੇਅਰੀ ਯੂਨਿਟ
10) ਪਸ਼ੂਆਂ ਦਾ ਚਾਰਾ ਬਣਾਉਣ ਵਾਲੇ ਯੂਨਿਟ ਅਤੇ ਚਰਵਾਹਾਂ
11) ਘਰੇਲੂ ਅਤੇ ਕਮਰਸ਼ੀਅਲ ਐਲ.ਪੀ.ਜੀ. ਸਿਲੰਡਰਾਂ ਦੀ ਸਪਲਾਈ
12) ਦਵਾਈਆਂ ਦੀਆਂ ਦੁਕਾਨਾਂ
13) ਮੈਡੀਕਲ ਸਟੋਰਾਂ ਵਿੱਚ ਮਿਲਣ ਵਾਲੇ ਸਿਹਤ ਸੇਵਾਵਾਂ ਸਬੰਧੀ ਪਦਾਰਥ
14) ਸਿਹਤ ਸੇਵਾਵਾਂ, ਮੈਡੀਕਲ ਵਰਤੋਂ ਵਿੱਚ ਆਉਣ ਵਾਲੇ ਯੰਤਰਾਂ ਦਾ ਉਤਪਾਦਨ
15) ਸੰਚਾਰ ਸੇਵਾਵਾਂ
16) ਇੰਸ਼ੋਰੈਂਸ ਸੇਵਾਵਾਂ
17) ਬੈਂਕ ਅਤੇ ਏ.ਟੀ.ਐਮ. ਸੇਵਾਵਾਂ
18) ਡਾਕਖਾਨਾ
19) ਕਣਕ/ਚਾਵਲ ਦੀ ਢੋਆ ਢੁਆਈ
20) ਰੋਜ਼ਾਨਾ ਵਰਤੋਂ ਵਿੱਚ ਆਉਣ ਵਾਲੇ ਜ਼ਰੂਰੀ ਸਮਾਨ/ਜ਼ਰੂਰੀ ਸੇਵਾਵਾਂ ਦੀ ਟਰਾਂਸਪੋਰਟੇਸ਼ਨ
21) ਅਨਾਜ ਦੀ ਖਰੀਦ/ਭੰਡਾਰਣ ਲਈ ਵਰਤੇ ਜਾਣ ਵਾਲੇ ਪਦਾਰਥ ਜਿਵੇਂ ਕਿ-ਬਾਰਦਾਨਾ, ਥੈਲੇ, ਕਰੇਟ, ਤਰਪਾਲਾਂ/ਕਵਰ, ਜਾਲੀਆਂ, ਸਲਫਾਸ, ਕੀਟਨਾਸ਼ਕ ਆਦਿ
22) ਬਿਜਲੀ ਦੀ ਨਿਰਵਿਘਨ ਸਪਲਾਈ ਲਈ ਲੋੜੀਂਦੇ ਕੰਮ
23) ਸੰਕਟ ਦੀ ਸਥਿਤੀ ਵਿੱਚ ਪਬਲਿਕ ਹੈਲਥ ਸੇਵਾਵਾਂ

Scanned with CamScanner

24) ਪੁਲਿਸ/ਸੁਰੱਖਿਆ ਅਤੇ ਹੋਰ ਐਮਰਜੈਂਸੀ ਸੇਵਾਵਾਂ (ਫਾਇਰ)

25) ਫਸਲਾਂ ਦੀ ਵਾਢੀ ਦੌਰਾਨ ਵਰਤੇ ਜਾਣ ਵਾਲੇ ਸੰਦ/ਕੰਬਾਇਨ ਅਤੇ ਫਸਲ ਦੀ ਵਾਢੀ ਸਬੰਧੀ ਕੰਮ-ਕਾਜ।

26) ਖੇਤੀਬਾੜੀ ਵਿੱਚ ਵਰਤੇ ਜਾਣ ਵਾਲੇ ਸੰਦ ਬਣਾਉਣ ਵਾਲੇ ਯੂਨਿਟ।

27) ਮੀਡੀਆ

28) ਈ-ਕਾਮਰਸ ਅਤੇ ਜਰੂਰੀ ਆਈ.ਟੀ. ਸੇਵਾਵਾਂ

ਉਕਤ ਜ਼ਰੂਰੀ ਵਸਤਾਂ ਦੀ ਸਪਲਾਈ/ਢੋਆ-ਢੁਆਈ ਵਾਲੇ ਵਹੀਕਲ ਦੇ ਡਰਾਈਵਰ ਹੈਲਥ ਵਿਭਾਗ ਵੱਲੋਂ ਦਿੱਤੀਆਂ ਗਈਆਂ ਹਦਾਇਤਾਂ ਅਨੁਸਾਰ ਹਰ ਪ੍ਰਕਾਰ ਦੀ ਸਾਵਧਾਨੀ ਵਰਤਣਗੇ। ਜਰੂਰੀ ਸੇਵਾਵਾਂ ਅਧੀਨ ਆਉਦੇ ਸਮਾਨ/ਪਦਾਰਥਾਂ ਦਾ ਉਤਪਾਦਨ, ਟਰਾਂਸਪੋਰਟੇਸ਼ਨ, ਭੰਡਾਰਨ, ਥੋਕ ਅਤੇ ਵਿਕਰੀ ਵਗੈਰਾ ਸ਼ਾਮਲ ਹੋਵੇਗਾ।

ਜਿਲ੍ਹੇ ਦੇ ਸਮੂਹ ਢਾਬੇ, ਅਹਾਤੇ ਅਤੇ ਰੈਸਟੋਰੈਂਟ ਵਿੱਚ ਬੈਠਣ ਦੀ ਸਹੂਲਤ ਨਹੀਂ ਹੋਵੇਗੀ ਅਤੇ ਸਿਰਫ take away meal ਦੀ ਸਹੂਲਤ ਦਿੱਤੀ ਜਾਵੇਗੀ।

ਇਨ੍ਹਾਂ ਹੁਕਮਾਂ ਨੂੰ ਸਖਤੀ ਨਾਲ ਲਾਗੂ ਕਰਵਾਉਣ ਲਈ ਸੀਨੀਅਰ ਕਪਤਾਨ ਪੁਲਿਸ ਸੰਗਰੂਰ, ਸਮੂਹ ਉਪ ਮੰਡਲ ਮੈਜਿਸਟਰੇਟ ਜਿਲ੍ਹਾ ਸੰਗਰੂਰ ਅਤੇ ਸਮੂਹ ਕਾਰਜਕਾਰੀ ਮੈਜਿਸਟਰੇਟ ਜਿਲ੍ਹਾ ਸੰਗਰੂਰ ਜੁੰਮੇਵਾਰ ਹੋਣਗੇ।

ਇਹ ਹੁਕਮ ਮਿਤੀ 22/03/2020 ਨੂੰ ਰਾਤ 12:00 ਵਜੇ ਤੋਂ 31/03/2020 ਦੀ ਰਾਤ 12.00 ਵਜੇ) ਤੱਕ ਲਾਗੂ ਰਹੇਗਾ।

ਮਾਮਲੇ ਦੀ ਤਤਪਰਤਾ ਨੂੰ ਮੁੱਖ ਰਖਦੇ ਹੋਏ ਇਹ ਹੁਕਮ ਇਕ ਤਰਫਾ ਪਾਸ ਕੀਤਾ ਜਾਂਦਾ ਹੈ ਅਤੇ ਆਮ ਜਨਤਾ ਨੂੰ ਸੰਬੋਧਤ ਕੀਤਾ ਜਾਂਦਾ ਹੈ। ਇਹ ਹੁਕਮ ਜਿਲਾ ਲੋਕ ਸੰਪਰਕ ਅਫਸਰ ਸੰਗਰੂਰ ਦੀ ਪ੍ਰਚਾਰ ਗੱਡੀ ਰਾਹੀਂ ਮੁਨਾਦੀ ਕਰਵਾ ਕੇ ਅਤੇ ਹੁਕਮ ਦੀਆਂ ਕਾਪੀਆਂ ਸਦਰ ਮੁਕਾਮਾਂ, ਉਪ ਮੰਡਲ ਮੈਜਿਸਟਰੇਟਸ ਦੇ ਦਫਤਰਾਂ ਦੇ ਨੋਟਿਸ ਬੋਰਡਾਂ ਅਤੇ ਜਿਲ੍ਹਾ ਪੱਧਰ ਦੀਆਂ ਪਬਲਿਕ ਥਾਵਾਂ ਤੇ ਚਸਪਾ ਕਰਕੇ ਲਾਗੂ ਕੀਤਾ ਜਾਵੇਗਾ।

ਇਹ ਹੁਕਮ ਅੱਜ ਮਿਤੀ 22/03/2020 ਨੂੰ ਮੇਰੇ ਹਸਤਾਖਰਾਂ ਅਤੇ ਅਦਾਲਤੀ ਮੋਹਰ ਹੇਠ ਜਾਰੀ ਹੋਇਆ।

ਨੋਟ: ਲੜੀ ਨੰ:1 ਤੋਂ 26 ਤੱਕ ਦਰਜ ਜ਼ਰੂਰੀ ਵਸਤਾਂ ਘਟਾਉਣ ਜਾਂ ਵਧਾਉਣ ਦਾ ਅੰਤਿਮ ਫੈਸਲਾ ਨਿਮਨ ਹਸਤਾਖਰ ਪਾਸ ਹੀ ਹੋਵੇਗਾ।

ਘਨਸ਼ਿਆਮ ਥੋਰੀ, ਆਈ.ਏ.ਐਸ
ਜਿਲ੍ਹਾ ਮੈਜਿਸਟਰੇਟ,
ਸੰਗਰੂਰ।

ਪਿ:ਅ:ਨੰ: 4000-22 /ਐਮ.ਏ ਮਿਤੀ: 22/03/2020

ਉਪਰੋਕਤ ਦਾ ਉਤਾਰਾ:

1. ਮੁੱਖ ਸਕੱਤਰ, ਪੰਜਾਬ ਸਰਕਾਰ, ਚੰਡੀਗੜ੍ਹ
2. ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ, ਸਿਹਤ ਅਤੇ ਪਰਿਵਾਰ ਭਲਾਈ ਵਿਭਾਗ
3. ਕਮਿਸ਼ਨਰ, ਪਟਿਆਲਾ ਮੰਡਲ ਪਟਿਆਲਾ
4. ਜ਼ਿਲਾ ਅਤੇ ਸ਼ੈਸ਼ਨ ਜੱਜ ਸੰਗਰੂਰ
5. ਸੀਨੀਅਰ ਕਪਤਾਨ ਪੁਲਿਸ, ਸੰਗਰੂਰ।
6. ਉਪ ਮੰਡਲ ਮੈਜਿਸਟਰੇਟ, ਸੰਗਰੂਰ/ਸੁਨਾਮ/ਧੂਰੀ/ਮਾਲੇਰਕੋਟਲਾ/ਮੂਨਕ/ਲਹਿਰਾ/ ਭਵਾਨੀਗੜ੍ਹ/ਅਹਿਮਦਗੜ੍ਹ/ਦਿੜ੍ਹਬਾ।
7. ਜ਼ਿਲ੍ਹਾ ਵਿਕਾਸ ਤੇ ਪੰਚਾਇਤ ਅਫ਼ਸਰ, ਸੰਗਰੂਰ ਅਤੇ ਸਮੂਹ ਬੀ.ਡੀ.ਪੀ.ਓਜ਼ ਨੂੰ ਨੋਟ ਕਰਾਉਣ ਹਿੱਤ
8. ਸਮੂਹ ਕਾਰਜ ਸਾਧਕ ਅਫਸਰ, ਜਿਲ੍ਹਾ ਸੰਗਰੂਰ ਰਾਂਹੀ ਅਫਸਰ ਇੰਚਾਰਜ ਐਲ.ਐਫ.ਏ, ਸਦਰ ਦਫਤਰ।
9. ਸਹਾਇਕ ਆਬਕਾਰੀ ਤੇ ਕਰ ਕਮਿਸ਼ਨਰ ਦਫਤਰ ਸੰਗਰੂਰ
10. ਮੁੱਖ ਮੈਡੀਕਲ ਅਫਸਰ, ਸੰਗਰੂਰ।
11. ਜਿਲ੍ਹਾ ਖੇਡ ਅਫਸਰ, ਸੰਗਰੂਰ
12. ਜਿਲ੍ਹਾ ਲੋਕ ਸੰਪਰਕ ਅਫਸਰ ਸੰਗਰੂਰ
13. ਸਕੱਤਰ, ਇੰਡੀਅਨ ਰੈਡ ਕਰਾਸ ਸੋਸਾਇਟੀ, ਸੰਗਰੂਰ
14. ਪੀ.ਏ ਟੂ ਡੀ.ਸੀ./ਸਟੈਨੋ ਟੂ ਏ.ਡੀ.ਸੀ./ਏ.ਸੀ.(ਜ)/ਏ.ਸੀ (ਸ਼ਿਕਾਇਤਾਂ) ਪਾਸ ਸੂਚਨਾ ਅਤੇ ਪਾਲਣਾ ਹਿੱਤ।

ਘਨਸ਼ਿਆਮ ਥੋਰੀ, ਆਈ.ਏ.ਐਸ
ਜਿਲ੍ਹਾ ਮੈਜਿਸਟਰੇਟ,
ਸੰਗਰੂਰ।

Scanned with CamScanner